# ਨਾਲਟ੍ਰੈਕਸੋਨ (ਰੈਵੀਆ)

## ਨਾਲਟ੍ਰੈਕਸੋਨ ਕਿਵੇਂ ਕੰਮ ਕਰਦਾ ਹੈ:

ਨਾਲਟ੍ਰੈਕਸੋਨ ਦਿਮਾਗ ਵਿੱਚ "ਇਨਾਮ ਦੀ ਪ੍ਰਣਾਲੀ" ਉੱਤੇ ਅਸਰ ਕਰਦਾ ਹੈ। ਇਹ ਓਪੀਓਇਡਜ਼ (ਮੋਰਫੀਨ, ਹੈਰੋਇਨ, ਆਕਸੀਕੋਡੋਨ, ਅਤੇ ਕੋਡੀਨ ਸਮੇਤ) ਦੇ ਪ੍ਰਭਾਵਾਂ ਨੂੰ ਰੋਕਦਾ ਹੈ। ਨਾਲਟ੍ਰੈਕਸੋਨ ਤੁਹਾਨੂੰ ਸ਼ਰਾਬ ਪੀਣ ਨਾਲ ਮਿਲਣ ਵਾਲੇ ਆਨੰਦ ਨੂੰ ਘਟਾ ਸਕਦਾ ਹੈ ਅਤੇ ਇਸ ਤਰ੍ਹਾਂ ਸ਼ਰਾਬ ਪੀਣ ਦੀ ਤੋੜ ਨੂੰ ਵੀ ਘਟਾ ਸਕਦਾ ਹੈ। ਇਹ ਲੋਕਾਂ ਨੂੰ ਸ਼ਰਾਬ ਘੱਟ ਕਰਨ ਜਾਂ ਬਿਲਕੁਲ ਹੀ ਬੰਦ ਕਰਨ ਵਿੱਚ ਮਦਦ ਕਰਦਾ ਹੈ। ਜੇਕਰ ਤੁਸੀਂ ਮੁੜ ਕੇ ਸ਼ਰਾਬ ਪੀਣਾ ਸ਼ੁਰੂ ਕਰ ਦਿੰਦੇ ਹੋ ਤਾਂ ਨਾਲਟ੍ਰੈਕਸੋਨ ਤੁਹਾਨੂੰ ਪਹਿਲਾਂ ਨਾਲੋ ਘੱਟ ਪੀਣ ਵਿੱਚ ਮਦਦ ਕਰ ਸਕਦਾ ਹੈ।

---

## ਕੀ ਤਵੱਕੋ ਕਰਨੀ ਚਾਹੀਦੀ ਹੈ?:

- ਤੁਸੀਂ ਨਾਲਟ੍ਰੈਕਸੋਨ ਨੂੰ ਸ਼ਰਾਬ ਪੀਣ ਦੌਰਾਨ ਸ਼ੁਰੂ ਕਰ ਸਕਦੇ ਹੋ, ਪਰ ਇਸਦਾ ਅਸਰ ਹੋਰ ਵਧੇਰਾ ਚੰਗਾ ਹੋ ਸਕਦਾ ਹੈ ਜੇ ਤੁਸੀ ਸ਼ਰਾਬ ਛੱਡਣ ਤੋਂ 3-7 ਦਿਨਾਂ ਬਾਅਦ (ਮਿਸਾਲ ਵਜੋਂ, ਡੀਟੌਕਸ ਤੋਂ ਬਾਅਦ) ਇਸ ਨੂੰ ਸ਼ੁਰੂ ਕਰੋ।
- ਜੇਕਰ ਤੁਸੀਂ ਸ਼ਰਾਬ ਪੀਣੀ ਬੰਦ ਕਰ ਦਿੰਦੇ ਹੋ ਅਤੇ ਫਿਰ ਮੁੜ ਕੇ ਸ਼ੁਰੂ ਕਰਦੇ ਹੋ ਤਾਂ ਵੀ ਤੁਸੀਂ ਆਪਣੇ ਟੀਚੇ ਨੂੰ ਪੂਰਾ ਕਰਨ ਲਈ (ਚਾਹੇ ਤੁਹਾਡਾ ਟੀਚਾ ਸ਼ਰਾਬ ਘਟਾਉਣਾ ਜਾਂ ਬਿਲਕੁਲ ਹੀ ਛੱਡਣਾ ਹੋਵੇ) ਨਾਲਟ੍ਰੈਕਸੋਨ ਨੂੰ ਪ੍ਰਿਸਕ੍ਰਾਈਬ ਕੀਤੇ ਨੁਸਖੇ ਮੁਤਾਬਕ ਲੈਣਾ ਜਾਰੀ ਰੱਖ ਸਕਦੇ ਹੋ।
- ਨਾਲਟ੍ਰੈਕਸੋਨ ਸ਼ਰਾਬ ਦੇ ਪ੍ਰਭਾਵਾ ਨੂੰ ਘਟਾਉਣ ਜਾਂ ਤੁਹਾਨੂੰ ਸੋਫੀ (ਅਰਥਾਤ "ਸੋਬਰ") ਨਹੀਂ ਕਰੇਗਾ ਅਤੇ ਇਹ ਸ਼ਰਾਬ ਛੱਡਣ ਦੇ ਲੱਛਣਾਂ ਦਾ ਇਲਾਜ ਵੀ ਨਹੀਂ ਕਰਦਾ।
- ਕੁਝ ਲੋਕਾਂ ਨੂੰ ਲਗਦਾ ਹੈ ਕਿ ਨਾਲਟ੍ਰੈਕਦੋਨ ਨੂੰ ਥੈਰੇਪੀ (ਜਿਵੇਂ ਕਿ ਕੌਂਸਲਿੰਗ ਜਾਂ ਆਪਸੀ ਮਦਦ ਸਮੂੰਹ (ਅਅ) ਨਾਲ ਮਿਲਾ ਕੇ ਵਰਤਣ 'ਤੇ ਹੋਰ ਵਧੀਆ ਅਸਰ ਕਰਦਾ ਹੈ।
- ਕੁਝ ਲੋਕਾਂ ਨੂੰ ਲਗਦਾ ਹੈ ਕਿ ਕਿਸੇ ਹੋਰ ਲਈ ਕਰਨ ਦੀ ਬਜਾਏ, ਆਪਣੇ ਆਪ ਲਈ ਸ਼ਰਾਬ ਛੱਡਣ ਜਾਂ ਘਟਾਉਣ ਲਈ ਪ੍ਰੇਰਨਾ ਕਰਨ ਨਾਲ ਜ਼ਿਆਦਾ ਕਾਮਯਾਬੀ ਮਿਲ ਸਕਦੀ ਹੈ।
- ਕੁਝ ਲੋਕਾਂ ਨੂੰ ਨਾਲਟ੍ਰੈਕਸੋਨ ਲੰਬੇ ਸਮੇਂ ਲਈ ਲੈਣ ਦੀ ਲੋੜ ਪੈ ਸਕਦੀ ਹੈ। ਹੋ ਸਕਦਾ ਹੈ ਕਿ ਲੰਬੇ ਸਮੇਂ ਤੱਕ ਇਸ ਦੀ ਵਰਤੋਂ ਨੂੰ ਦਵਾਈ ਕਵਰੇਜ ਸਕੀਮਾਂ (ਹੈਲਥ ਇਨਸ਼ੋਰੈਂਸ) ਵਿੱਚ ਪੂਰੀ ਤਰ੍ਹਾਂ ਕਵਰ ਨਾ ਕੀਤਾ ਗਿਆ ਜਾਵੇ।

---

## ਅਸਿੱਧੇ ਨਾਂਹ ਪੱਖੀ ਅਸਰ:

- ਅਸਿੱਧੇ ਨਾਂਹ ਪੱਖੀ ਅਸਰ ਆਮ ਤੌਰ 'ਤੇ ਹਲਕੇ-ਫੁਲਕੇ ਹੁੰਦੇ ਹਨ ਅਤੇ ਸਮੇਂ ਦੇ ਨਾਲ ਦੂਰ ਹੋ ਜਾਂਦੇ ਹਨ। ਨਾਲਟ੍ਰੈਕਸੋਨ ਦੀ ਛੋਟੀ ਮਾਤਰਾ ਨਾਲ ਸ਼ੁਰੂ ਕਰਨਾ ਅਤੇ ਸ਼ਰਾਬ ਤੋਂ ਪਰਹੇਜ਼ ਕਰਨਾ ਅਸਿੱਧੇ ਨਾਂਹ ਪੱਖੀ ਅਸਰ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।
- ਆਮ ਅਸਰ: ਮਿਚਲੀ, ਸਿਰਦਰਦ, ਥਕਾਵਟ, ਘਬਰਾਹਟ ਅਤੇ ਚੱਕਰ ਆਉਣਾ।
- ਥੋੜ੍ਹਿਆਂ 'ਤੇ ਅਸਰ: ਚਿੰਤਾ, ਮੂੰਹ ਸੁੱਕਣਾ, ਬਦਹਜਮੀ, ਅਤੇ ਮਾਸਪੇਸ਼ੀਆਂ ਤੇ ਜੋੜਾਂ ਦਾ ਦਰਦ।

---

## ਲਾਗਤ:

ਸ਼ਰਾਬ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਹੋਰ ਦਵਾਈਆਂ ਦੇ ਮੁਕਾਬਲੇ ਨਾਲਟ੍ਰੈਕਸੋਨ ਮਹਿੰਗਾ ਹੈ, ਅਤੇ ਕੁਝ ਸਿਹਤ ਸੰਭਾਲ ਸਕੀਮਾਂ (ਇਨਸ਼ੋਰੈਂਸ) ਇਸ ਨੂੰ ਸੀਮਿਤ ਸਮੇਂ ਲਈ ਹੀ ਕਵਰ ਕਰਦੀਆਂ ਹਨ। ਖਰਚੇ ਅਤੇ ਕਵਰੇਜ ਨੂੰ ਜਾਨਣ ਲਈ ਆਪਣੀ ਸਕੀਮ ਦੀ ਜਾਂਚ ਕਰੋ।

## ਨਾਲਟ੍ਰੈਕਸੋਨ ਨੂੰ ਕਿਉਂ ਚੁਣਨਾ ਚਾਹੀਦਾ ਹੈ?

- ਇਹ ਤੁਹਾਡੀ ਸ਼ਰਾਬ ਪੀਣ ਦੀ ਇੱਛਾ ਨੂੰ ਘਟਾਉਣ 'ਚ ਮਦਦ ਕਰ ਸਕਦਾ ਹੈ: ਤੁਸੀਂ ਕਿੰਨੀ ਅਤੇ ਕਿੰਨੀ ਵਾਰ ਸ਼ਰਾਬ ਪੀਂਦੇ ਹੋ, ਜਾਂ ਸ਼ਰਾਬ ਤੋਂ ਪੂਰਾ ਪਰਹੇਜ਼ ਕਰਨ ਵਿੱਚ ਮਦਦ ਕਰ ਸਕਦਾ ਹੈ।
- ਨਾਲਟ੍ਰੈਕਸੋਨ ਦਾ ਅਮਲ ਜਾਂ ਆਦੀ ਹੋਣ ਦਾ ਕੋਈ ਖਤਰਾ ਨਹੀਂ ਹੈ।
- ਇਹ ਤੁਹਾਨੂੰ "ਤਾਂ-ਠਾਂ" ਦਾ ਅਹਿਸਾਸ ਵੀ ਨਹੀਂ ਕਰਾਉਂਦਾ। ਆਮ ਤੌਰ 'ਤੇ ਲੋਕ ਮਹਿਸੂਸ ਨਹੀਂ ਕਰਦੇ ਕਿ ਉਹ ਨਾਲਟ੍ਰੈਕਸੋਨ ਲੈ ਰਹੇ ਹਨ।
- ਜੇ ਤੁਸੀਂ ਇਸ ਦਵਾਈ ਨੂੰ ਲੈਣ ਦੌਰਾਨ ਸ਼ਰਾਬ ਪੀਂਦੇ ਵੀ ਹੋ ਤਾਂ ਇਹ ਤੁਹਾਨੂੰ ਬੀਮਾਰ ਨਹੀਂ ਕਰਦਾ।
- ਜੇਕਰ ਤੁਸੀਂ ਨਾਲਟ੍ਰੈਕਸੋਨ ਲੈਣਾ ਬੰਦ ਕਰ ਦਿੰਦੇ ਹੋ ਤਾਂ ਨਸ਼ਾ ਛੱਡਣ ਦੇ ਲੱਛਣ ਨਹੀਂ ਹੁੰਦੇ ਹਨ।

---

## ਮਾਤਰਾ:

- ਪਹਿਲਾਂ 3-4 ਦਿਨਾਂ ਲਈ 25ਮਗ ਤੋਂ ਸ਼ੁਰੂ ਹੁੰਦੀਆਂ ਹਨ ਅਤੇ ਫਿਰ ਜੇਕਰ ਤੁਹਾਨੂੰ ਵਧੇਰੇ ਮਾਤਰਾ ਦੀ ਲੋੜ ਹੈ ਤਾਂ ਇਹ 50ਮਗ ਹਰ ਰੋਜ਼ ਤੱਕ ਵਧਾਈ ਜਾ ਸਕਦੀ ਹੈ।
- ਨਾਲਟ੍ਰੈਕਸੋਨ ਆਮ ਤੌਰ 'ਤੇ ਹਰ ਰੋਜ਼ ਇੱਕ ਵਾਰ ਲਿਆ ਜਾਂਦਾ ਹੈ ਪਰ ਕੁਝ ਲੋਕ ਜ਼ਰੂਰਤ ਮੁਤਾਬਕ ਲੈਂਦੇ ਹਨ। ਮਿਸਾਲ ਵਜੋਂ: ਸ਼ਰਾਬ ਪੀਣ ਤੋਂ ਪਹਿਲਾਂ ਜਾਂ ਸ਼ਰਾਬ ਦੀ ਤਲਬ ਲੱਗਣ ਤੋਂ ਇੱਕ ਘੰਟੇ ਪਹਿਲਾਂ। ਆਪਣੇ ਟੀਚੇ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਹਾਸਲ ਕਰਨ ਬਾਰੇ ਆਪਣੇ ਸਿਹਤ ਸੰਭਾਲ ਮਾਹਿਰ ਨਾਲ ਗੱਲਬਾਤ ਕਰੋ।
- ਨਾਲਟ੍ਰੈਕਸੋਨ ਨੂੰ ਤਿੰਨ ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਲੈਣਾ ਚਾਹੀਦਾ ਹੈ। ਤੁਸੀਂ ਹਰ 3-6 ਮਹੀਨੇ ਬਾਅਦ ਆਪਣੇ ਸਿਹਤ ਸੰਭਾਲ ਮਾਹਿਰ ਨਾਲ ਮੁਲਾਂਕਣ ਕਰਨਾ ਚਾਹ ਸਕਦੇ ਹੋ।

---

## ਖਤਰਾ:

- ਜੇਕਰ ਤੁਹਾਨੂੰ ਜਿਗਰ ਦੀ ਗੰਭੀਰ ਬੀਮਾਰੀ ਹੈ ਤਾਂ ਨਾਲਟ੍ਰੈਕਸੋਨ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ।
- ਜੇਕਰ ਤੁਹਾਡੇ ਗੁਰਦਿਆਂ ਦੀ ਕਾਰਜਸ਼ੀਲਤਾ ਕਮਜ਼ੋਰ ਹੈ ਤਾਂ ਤੁਹਾਨੂੰ ਛੋਟੀ ਮਾਤਰਾ ਦੀ ਲੋੜ ਹੋ ਸਕਦੀ ਹੈ।
- ਇਸ ਬਾਰੇ ਮਾਹਿਰਾਂ ਦਾ ਠੋਸ ਨਿਰਣਾ ਨਹੀਂ ਹੋਇਆ ਕਿ ਨਾਲਟ੍ਰੈਕਸੋਨ ਦੀ ਵਰਤੋਂ ਗਰਭਵਤੀ, ਛਾਤੀ ਨਾਲ ਦੁੱਧ ਪਿਲਾਉਣ ਵਾਲੇ ਜਾਂ 19 ਸਾਲ ਤੋ ਘੱਟ ਉਮਰ ਦੇ ਲੋਕਾਂ ਲਈ ਕਿੰਨਾ ਸੁਰੱਖਿਅਤ ਹੈ। ਜੇਕਰ ਤੁਸੀਂ ਇਨ੍ਹਾਂ ਵਿਚਲੇ ਕਿਸੇ ਵੀ ਹਿੱਸੇ ਵਿੱਚ ਆਉਂਦੇ ਹੋ ਤਾਂ ਆਪਣੇ ਸਿਹਤ ਸੰਭਾਲ ਮਾਹਿਰ ਨਾਲ ਗਲੱਬਾਤ ਕਰੋ।
- ਜੋ ਲੋਕ ਓਪੀਓਇਡਜ਼ ਲੈਂਦੇ ਹਨ ਜਾਂ ਲੈਣ ਬਾਰੇ ਤਿਆਰੀ ਕਰ ਰਹੇ ਹਨ ਉਹਨਾਂ ਨੂੰ ਨਾਲਟ੍ਰੈਕਸੋਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਨਾਲ ਓਪੀਓਇਡਜ਼ ਛੱਡਣ ਦੇ ਲੱਛਣ ("ਵਿੱਥਡ੍ਰਾਵਲ) ਪੈਦਾ ਹੋ ਸਕਦੇ ਹਨ ਜਾਂ ਦਰਦਾਂ ਤੋਂ ਰਾਹਤ ਦਾ ਅਸਰ ਨਾ ਹੋਵੇ। ਓਪੀਓਇਡਜ਼ ਲੈਣ ਵਾਲੇ ਲੋਕਾਂ ਲਈ ਐਕੈਮਪ੍ਰੋਸੇਟ ਇੱਕ ਬਿਹਤਰ ਦਵਾਈ ਹੋ ਸਕਦੀ ਹੈ।ਓਪੀਓਇਡਜ਼ ਦੀਆਂ ਇਹ ਮਿਸਾਲਾਂ ਹਨ:
  - ਸਰਜਰੀ ਜਾਂ ਗੰਭੀਰ ਅਤੇ ਦੀਰਘ ਦਰਦਾਂ ਨਾਲ ਸਬੰਧਤ ਦਰਦ-ਰਾਹਤ ਦੀਆਂ ਦਵਾਈਆਂ।
  - ਖਾਂਸੀ ਜਾਂ ਦਰਦ ਦੀਆਂ ਦਵਾਈਆਂ ਜਿਨ੍ਹਾਂ ਵਿੱਚ ਕੋਡੀਨ ਹੈ ਜਿਵੇਂ ਕਿ ਟਾਇਨੋਲ 3 ਅਤੇ ਕੁਝ ਖਾਸ ਖਾਂਸੀ ਦੇ ਘੋਲ (ਸਿਰੱਪ)।
  - ਓਪੀਓਇਡਜ਼ ਐਗੋਨਿਸਟ ਇਲਾਜ (ਜਿਵੇਂ ਕਿ ਮੈਥਾਡੋਨ, ਸਬਐਕਸੋਨ ਅਤੇ ਕਾਦੀਅਨ।
  - ਬਿਨਾ ਨੁਸਖੇ ਤੋਂ ਬਿਨਾ (ਨਾਨ-ਪ੍ਰਿਸਕ੍ਰਾਈਬਡ) ਓਪੀਓਇਡਜ਼ ਜਿਵੇਂ ਕਿ ਫੈਂਟਾਨੌਲ ਅਤੇ ਹੈਰੋਇਨ।